## ਡੀ.ਐੱਨ.ਡੀ. ਅਤੇ ਯੂ.ਸੀ.ਸੀ. ਸੁਰੱਖਿਆ

### ਅਣਚਾਹੇ ਵਪਾਰਕ ਸੰਚਾਰ (ਯੂ.ਸੀ.ਸੀ.) ਪ੍ਰਾਪਤ ਕਰਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ?

ਉਪਭੋਗਤਾ ਸਾਰੇ ਵਪਾਰਕ ਸੰਚਾਰਾਂ (ਕਾਲਾਂ ਅਤੇ ਐੱਸ.ਐੱਮ.ਐੱਸ.) ਨੂੰ ਬਲਾਕ ਕਰ ਸਕਦਾ ਹੈ ਜਾਂ ਸੱਤ ਨਿਰਧਾਰਤ ਸ਼੍ਰੇਣੀਆਂ ਤੋਂ ਯੂ.ਸੀ.ਸੀ. ਨੂੰ ਚੋਣਵੇਂ ਰੂਪ ਵਿੱਚ ਬਲਾਕ ਕਰ ਸਕਦਾ ਹੈ:

1. ਬੈਂਕਿੰਗ/ਬੀਮਾ/ਵਿੱਤੀ ਉਤਪਾਦ/ਕਰੈਡਿਟ ਕਾਰਡ
2. ਰੀਅਲ ਅਸਟੇਟ
3. ਸਿੱਖਿਆ
4. ਸਿਹਤ
5. ਉਪਭੋਗਤਾ ਵਸਤੂਆਂ ਅਤੇ ਆਟੋਮੋਬਾਈਲਜ਼
6. ਸੰਚਾਰ/ ਪ੍ਰਸਾਰਣ / ਮਨੋਰੰਜਨ/ ਆਈ.ਟੀ.
7. ਸੈਰ-ਸਪਾਟਾ ਅਤੇ ਫੁਰਸਤ।

   ਇਹ ਨੈਸ਼ਨਲ ਕਸਟਮਰ ਪ੍ਰੈਫਰੈਂਸ ਰਜਿਸਟਰ (ਐੱਨ.ਸੀ.ਪੀ.ਆਰ.), ਜਿਸ ਨੂੰ ਡੀ.ਐੱਨ.ਡੀ. ਰਜਿਸਟਰੀ ਵੀ ਕਿਹਾ ਜਾਂਦਾ ਹੈ, ਵਿੱਚ ਆਪਣੀਆਂ ਪਸੰਦਾਂ ਨੂੰ ਰਜਿਸਟਰ ਕਰਕੇ ਕੀਤਾ ਜਾ ਸਕਦਾ ਹੈ।

### ਐੱਨ.ਸੀ.ਪੀ.ਆਰ. ਵਿੱਚ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਕੀ ਹੈ?

### ਡੀ.ਐੱਨ.ਡੀ. ਰਜਿਸਟ੍ਰੇਸ਼ਨ:

ਯੂ.ਸੀ.ਸੀ. ਦੁਆਰਾ ਹੋਣ ਵਾਲੀ ਅਸੁਵਿਧਾ ਤੋਂ ਬਚਣ ਲਈ, ਇੱਕ ਗਾਹਕ ਟੈਲੀਕਾਮ ਸਰਵਿਸ ਪ੍ਰੋਵਾਈਡਰ ਦੀ ਐਪ/ ਵੈੱਬਸਾਈਟ, ਟ੍ਰਾਈ ਡੀ.ਐੱਨ.ਡੀ. ਐਪ, ਜਾਂ '1909' 'ਤੇ ਕਾਲ/ ਐੱਸ.ਐੱਮ.ਐੱਸ. ਰਾਹੀਂ ਸਾਰੇ ਵਪਾਰਕ ਸੰਚਾਰਾਂ ਨੂੰ ਬਲਾਕ ਕਰਨ ਜਾਂ ਪਸੰਦ ਸ਼੍ਰੇਣੀਆਂ ਅਨੁਸਾਰ ਚੋਣਵੇਂ ਰੂਪ ਵਿੱਚ ਬਲਾਕ ਕਰਨ ਦੀ ਚੋਣ ਕਰ ਸਕਦਾ ਹੈ।

### ਸ਼ਿਕਾਇਤ ਦਰਜ ਕਰਵਾਉਣ ਦੀ ਪ੍ਰਕਿਰਿਆ ਕੀ ਹੈ?

### ਸ਼ਿਕਾਇਤਾਂ ਦੀ ਰਜਿਸਟ੍ਰੇਸ਼ਨ:

1. ਜੇਕਰ ਡੀ.ਐੱਨ.ਡੀ. 'ਤੇ ਰਜਿਸਟਰ ਕਰਨ ਦੇ ਬਾਵਜੂਦ ਤੁਹਾਨੂੰ ਸਪੈਮ ਪ੍ਰਾਪਤ ਹੁੰਦਾ ਹੈ: ਆਪਣੇ ਸਬੰਧਤ ਟੈਲੀਕਾਮ ਸਰਵਿਸ ਪ੍ਰੋਵਾਈਡਰ ਦੀ ਐਪ/ ਵੈੱਬਸਾਈਟ, ਟ੍ਰਾਈ ਡੀ.ਐੱਨ.ਡੀ. ਐਪ, ਜਾਂ '1909' 'ਤੇ ਕਾਲ/ ਐੱਸ.ਐੱਮ.ਐੱਸ. ਰਾਹੀਂ ਡੀ.ਐੱਨ.ਡੀ. ਸ਼ਿਕਾਇਤ ਦਰਜ ਕਰੋ।
2. ਜੇਕਰ ਤੁਹਾਨੂੰ ਕੋਈ ਸ਼ੱਕੀ ਧੋਖਾਧੜੀ ਵਾਲਾ ਸੰਚਾਰ ਪ੍ਰਾਪਤ ਹੁੰਦਾ ਹੈ: ਪਿਛਲੇ 30 ਦਿਨਾਂ ਦੇ ਅੰਦਰ ਪ੍ਰਾਪਤ ਹੋਏ ਕਿਸੇ ਵੀ ਸ਼ੱਕੀ ਧੋਖਾਧੜੀ ਵਾਲੇ ਸੰਚਾਰ ਦੀ ਰਿਪੋਰਟ ਦੂਰਸੰਚਾਰ ਵਿਭਾਗ (ਡੀ.ਓ.ਟੀ.) ਦੇ 'ਚਕਸ਼ੂ' ਪਲੇਟਫਾਰਮ https://sancharsaathi.gov.in/sfc/ 'ਤੇ ਕਰੋ।
3. ਜੇਕਰ ਧੋਖਾਧੜੀ ਜਾਂ ਸਾਈਬਰ ਅਪਰਾਧ ਪਹਿਲਾਂ ਹੀ ਵਾਪਰ ਚੁੱਕਾ ਹੈ: ਜੇਕਰ ਤੁਸੀਂ ਵਿੱਤੀ ਧੋਖਾਧੜੀ ਕਾਰਨ ਪਹਿਲਾਂ ਹੀ ਪੈਸੇ ਗੁਆ ਚੁੱਕੇ ਹੋ, ਜਾਂ ਸਾਈਬਰ ਅਪਰਾਧ ਦੇ ਸ਼ਿਕਾਰ ਹੋ, ਤਾਂ ਇਸ ਘਟਨਾ ਦੀ ਰਿਪੋਰਟ ਸਾਈਬਰ ਅਪਰਾਧ ਹੈਲਪਲਾਈਨ ਨੰਬਰ '1930' ਜਾਂ ਵੈੱਬਸਾਈਟ https://www.cybercrime.gov.in 'ਤੇ ਕਰੋ।